Australian Government
Australian Taxation Office




# ਆਸਟ੍ਰੇਲੀਆ ਵਿੱਚ ਟੈਕਸ
## ਤੁਹਾਨੂੰ ਕੀ ਜਾਨਣ ਦੀ ਲੋੜ ਹੈ?

ato.gov.au

# ਅਸੀ ਟੈਕਸ ਕਿਉਂ ਭਰਦੇ ਹਾਂ

ਟੈਕਸ ਉਹ ਰਕਮ ਹੈ ਜੋ ਲੋਕ ਅਤੇ ਕਾਰੋਬਾਰ ਆਸਟਰੇਲੀਆ ਦੀ ਸਰਕਾਰ ਨੂੰ ਭੁਗਤਾਨ ਕਰਦੇ ਹਨ, ਇਹ ਸੇਵਾਵਾਂ ਪਰਦਾਨ ਕਰਨ ਲਈ, ਜਿੰਨਹਾਂ ਵਿੱਚ ਸ਼ਾਮਲ ਹਨ:

- ਸਿਹਤ
- ਸਿੱਖਿਆ
- ਰੱਖਿਆ
- ਸੜਕਾਂ ਅਤੇ ਰੇਲਵੇ
- Centrelink – Services Australia ਤੋਂ ਸੋਸ਼ਲ ਸਕਿਉਰਟੀ ਅਤੇ ਦੂਸਰੇ ਭੁਗਤਾਨਾਂ ਲਈ

ਆਸਟਰੇਲੀਆ ਦੇ ਵਾਸੀਆਂ ਵਜੋਂ ਅਸੀ ਵਧੀਆ ਸਿਹਤ ਪਰਣਾਲੀ, ਗੁਣਵੱਤਾ ਵਾਲੀ ਸਿੱਖਿਆ ਅਤੇ ਕਈ ਕਿਸਮਾਂ ਦੀਆਂ ਭਾਈਚਾਰਕ ਸਹੂਲਤਾਂ (ਉਦਾਹਰਣ ਵਜੋਂ, ਪਾਰਕਾਂ ਅਤੇ ਖੇਡ ਮੈਦਾਨਾਂ) ਦਾ ਆਨੰਦ ਮਾਣਦੇ ਹਾਂ ਜਿੰਨਹਾਂ ਨੂੰ ਇਕੱਠੇ ਕੀਤੇ ਟੈਕਸਾਂ ਦੁਆਰਾ ਪੈਸਾ ਮਿਲਦਾ ਹੈ।






# ਤੁਸੀਂ ਕਿੰਨਾ ਟੈਕਸ ਦਿਓਗੇ

ਤੁਹਾਡੇ ਦੁਆਰਾ ਭੁਗਤਾਨ ਕੀਤੇ ਜਾਂਦੇ ਟੈਕਸ ਦੀ ਮਾਤਰਾ ਇਸ ਉੱਤੇ ਨਿਰਭਰ ਕਰਦੀ ਹੈ:

- ਟੈਕਸ ਦੇ ਉਦੇਸ਼ਾਂ ਲਈ ਕੀ ਤੁਸੀਂ ਆਸਟ੍ਰੇਲੀਆ ਦੇ ਨਿਵਾਸੀ ਹੋ
- ਤੁਹਾਡੀ ਕਮਾਈ ਦੀ ਆਮਦਨ ਕਿੰਨੀ ਹੈ
- ਕੀ ਤੁਹਾਡੇ ਕੋਲ ਇਕ ਤੋਂ ਜ਼ਿਆਦਾ ਨੌਕਰੀਆਂ ਹਨ
- ਕੀ ਤੁਹਾਡੇ ਕੋਲ tax file number ਟੈਕਸ ਫਾਈਲ ਨੰਬਰ ਹੈ (TFN) - ਇਹ ਤੁਹਾਡਾ ਨਿੱਜੀ ਹਵਾਲਾ ਨੰਬਰ ਹੈ ਜੋ ਤੁਹਾਨੂੰ ਆਪਣੇ ਰੁਜ਼ਗਾਰਦਾਤੇ ਨੂੰ ਉਹਨਾਂ ਨਾਲ ਕੰਮ ਸ਼ੁਰੂ ਕਰਨ ਤੋਂ ਬਾਅਦ ਦੱਸਣਾ ਚਾਹੀਦਾ ਹੈ।

ਜੇ ਤੁਸੀਂ ਆਪਣੇ TFN ਮਿਲਣ ਤੋਂ ਪਹਿਲਾਂ ਕੰਮ ਸ਼ੁਰੂ ਕਰ ਲੈਂਦੇ ਹੋ, ਤੁਹਾਡੇ ਕੋਲ ਇਸ ਨੂੰ ਲੈਣ ਅਤੇ ਆਪਣੇ ਰੁਜ਼ਗਾਰਦਾਤੇ ਨੂੰ ਦੇਣ ਲਈ 28 ਦਿਨ ਹਨ। ਜੇ ਤੁਸੀਂ ਇਸ ਤਰ੍ਹਾਂ ਨਹੀਂ ਕਰਦੇ, ਤੁਹਾਡਾ ਰੁਜ਼ਗਾਰਦਾਤਾ ਤੁਹਾਡੀ ਤਨਖਾਹ ਵਿੱਚੋਂ ਸਭ ਤੋਂ ਉੱਚੀ ਦਰ ਉੱਤੇ ਟੈਕਸ ਲਾਜ਼ਮੀ ਕੱਟੇਗਾ।

ਇਸ ਬਾਰੇ ਵਧੇਰੇ ਜਾਣਕਾਰੀ ਵਾਸਤੇ ਕਿ ਤੁਸੀਂ ਕਿੰਨਾ ਟੈਕਸ ਅਦਾ ਕਰੋਗੇ, **ato.gov.au/rates** ਉੱਤੇ ਜਾਓ।




# ਇਸ ਤੋਂ ਪਹਿਲਾਂ ਕਿ ਤੁਸੀ ਕੰਮ ਸ਼ੁਰੂ ਕਰੋ

## ਆਸਟਰ੍ਰੇਲੀਆ ਵਿੱਚ ਕੰਮ ਕਰਨ ਦੀ ਆਗਿਆ

ਜੇ ਤੁਸੀਂ ਵਿਦੇਸ਼ ਦੇ ਨਿਵਾਸੀ ਹੋ, ਆਸਟਰ੍ਰੇਲੀਆ ਵਿੱਚ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਤੁਹਾਨੂੰ Department of Home Affairs (ਘਰੇਲੂ ਮਾਮਲਿਆਂ ਦੇ ਵਿਭਾਗ) ਕੋਲੋਂ ਆਗਿਆ ਲੈਣੀ ਲਾਜ਼ਮੀ ਹੈ। Home Affairs (ਘਰੇਲੂ ਮਾਮਲੇ) ਤੁਹਾਨੂੰ ਲਾਭਦਾਇਕ ਜਾਣਕਾਰੀ ਪਰ੍ਦਾਨ ਕਰ ਸਕਦਾ ਹੈ ਜਿਸ ਵਿੱਚ ਕਿਹੜਾ ਵੀਜ਼ਾ ਤੁਹਾਨੂੰ ਆਸਟਰ੍ਰੇਲੀਆ ਵਿੱਚ ਕੰਮ ਕਰਨ ਦੀ ਆਗਿਆ ਦਿੰਦਾ ਹੈ ਸ਼ਾਮਲ ਹੈ।

ਆਸਟਰ੍ਰੇਲੀਆ ਵਿੱਚ ਕੰਮ ਕਰਨ ਦੀ ਆਗਿਆ ਬਾਰੇ ਵਧੇਰੇ ਜਾਣਕਾਰੀ ਵਾਸਤੇ, **homeaffairs.gov.au** ਉੱਤੇ ਜਾਓ

## ਟੈਕਸ ਫਾਈਲ ਨੰਬਰ ਲਓ

ਤੁਹਾਡਾ tax file number ਟੈਕਸ ਫਾਈਲ ਨੰਬਰ (TFN) ਤੁਹਾਡਾ ਨਿੱਜੀ ਹਵਾਲਾ ਨੰਬਰ ਹੈ। TFN ਲੈਣਾ ਮੁਫਤ ਹੈ।

ਤੁਹਾਨੂੰ ਕੰਮ ਸ਼ੁਰੂ ਕਰਨ ਤੋਂ ਪਹਿਲਾਂ, ਜਾਂ ਕੰਮ ਸ਼ੁਰੂ ਕਰਨ ਦੇ ਜਲਦੀ ਬਾਅਦ TFN ਲੈਣਾ ਚਾਹੀਦਾ ਹੈ, ਨਹੀਂ ਤਾਂ ਤੁਹਾਨੂੰ ਜ਼ਿਆਦਾ ਟੈਕਸ ਦੇਣਾ ਪਵੇਗਾ।

ਅਸੀਂ ਵਿਅਕਤੀਆਂ, ਕਾਰੋਬਾਰਾਂ ਅਤੇ ਦੂਸਰੀਆਂ ਸੰਸਥਾਂਵਾਂ ਨੂੰ ਪਛਾਣ ਅਤੇ ਰਿਕਾਰਡ ਰੱਖਣ ਦੇ ਉਦੇਸ਼ ਨਾਲ TFN ਜਾਰੀ ਕਰਦੇ ਹਾਂ।

ਤੁਸੀਂ ਆਪਣੇ TFN ਲਈ ਕਿਵੇਂ ਅਰਜ਼ੀ ਦਿੰਦੇ ਹੋ ਇਹ ਤੁਹਾਡੇ ਹਾਲਾਤਾਂ ਉਪਰ ਨਿਰਭਰ ਕਰੇਗਾ। ਵਧੇਰੇ ਜਾਣਕਾਰੀ ਵਾਸਤੇ, **ato.gov.au/tfn** ਉੱਤੇ ਜਾਓ

ਜੇ ਤੁਸੀਂ ਆਸਟਰ੍ਰੇਲੀਆ ਨੂੰ ਪਰਵਾਸ ਕਰ ਰਹੇ ਹੋ ਜਾਂ ਤੁਹਾਡੇ ਕੋਲ ਆਰਜ਼ੀ ਨਿਵਾਸ ਦਾ ਵੀਜ਼ਾ ਹੈ ਜੋ ਤੁਹਾਨੂੰ ਆਸਟਰ੍ਰੇਲੀਆ ਵਿੱਚ ਕੰਮ ਕਰਨ ਦੀ ਆਗਿਆ ਦਿੰਦਾ ਹੈ, ਤੁਸੀਂ TFN ਲਈ ਔਨਲਾਈਨ ਅਰਜ਼ੀ ਦੇ ਸਕਦੇ ਹੋ **ato.gov.au/tfnautoreg** ਉੱਤੇ ਜਾਓ

ਆਪਣੀ ਅਰਜ਼ੀ ਪੂਰੀ ਕਰਦੇ ਸਮੇਂ, ਤੁਹਾਨੂੰ ਦਸਤਾਵੇਜ਼ਾਂ ਦੀ ਲੋੜ ਪਵੇਗੀ ਜੋ ਤੁਹਾਡੀ ਪਛਾਣ ਨੂੰ ਸਾਬਤ ਕਰ ਸਕਣ।

ਤੁਹਾਡੀ TFN ਅਰਜ਼ੀ ਉਪਰ ਕਾਰਵਾਈ ਕਰਨ ਲਈ ਅਤੇ ਤੁਹਾਡੇ TFN ਨੂੰ ਤੁਹਾਡੇ ਪਤੇ ਉਪਰ ਭੇਜਣ ਵਿੱਚ 28 ਦਿਨਾਂ ਦਾ ਸਮਾਂ ਲੱਗ ਸਕਦਾ ਹੈ।




## ਆਪਣੇ TFN ਨੂੰ ਸੁਰੱਖਿਅਤ ਰੱਖਣਾ

ਤੁਹਾਡਾ TFN ਤੁਹਾਡੀ ਜ਼ਿੰਦਗੀ ਭਰ ਲਈ ਹੈ, ਇਸ ਲਈ ਇਸ ਨੂੰ ਸੁਰੱਖਿਅਤ ਰੱਖੋ। ਤੁਸੀਂ ਉਹੀ TFN ਰੱਖੋਗੇ ਭਾਂਵੇਂ ਕਿ ਤੁਸੀਂ ਆਪਣਾ ਨਾਮ ਜਾਂ ਪਤਾ ਬਦਲਦੇ ਹੋ, ਨੌਕਰੀਆਂ ਬਦਲਦੇ ਹੋ, ਦੂਸਰੇ ਰਾਜ ਵਿੱਚ ਚਲੇ ਜਾਂਦੇ ਹੋ, ਜਾਂ ਵਿਦੇਸ਼ ਚਲੇ ਜਾਂਦੇ ਹੋ।

ਆਪਣੇ TFN ਨੂੰ ਕਿਸੇ ਨੂੰ ਵਰਤਣ ਲਈ ਨਾ ਦਿਓ, ਆਪਣੇ ਦੋਸਤਾਂ ਜਾਂ ਰਿਸ਼ਤੇਦਾਰਾਂ ਨੂੰ ਵੀ ਨਹੀਂ। ਕਿਸੇ ਹੋਰ ਨੂੰ ਇਸ ਦੀ ਵਰਤੋਂ ਕਰਨ ਦੀ ਆਗਿਆ ਦੇਣਾ, ਕਿਸੇ ਹੋਰ ਨੂੰ ਦੇਣਾ ਜਾਂ ਵੇਚਣਾ ਇਕ ਜ਼ੁਰਮ ਹੈ।

ਆਪਣਾ TFN ਸਿਰਫ ਇਹਨਾਂ ਨੂੰ ਦਿਓ:

- ਸਾਨੂੰ ਜਦੋਂ ਤੁਹਾਡੇ ਟੈਕਸ ਦੇ ਰਿਕਾਰਡਾਂ ਬਾਰੇ ਗੱਲ ਕਰਦੇ ਸਮੇਂ
- ਕੰਮ ਸ਼ੁਰੂ ਕਰਨ ਤੋਂ ਬਾਅਦ ਆਪਣੇ ਰੁਜ਼ਗਾਰਦਾਤੇ ਨੂੰ, ਪਰ ਇਸ ਨੂੰ ਨੌਕਰੀ ਦੀਆਂ ਅਰਜ਼ੀਆਂ ਉਪਰ ਨਾ ਲਿਖੋ
- ਤੁਹਾਡੀ ਬੈਂਕ ਜਾਂ ਦੂਸਰੀਆਂ ਵਿੱਤੀ ਸੰਸਥਾਵਾਂ
- Services Australia
- ਆਪਣੇ ਪੰਜੀਕਰਤ ਟੈਕਸ ਦਲਾਲ ਨੂੰ
- ਆਪਣੇ ਸੁਪਰਐਨੁਏਸ਼ਨ (ਸੁਪਰ) ਫੰਡ
- ਤੁਹਾਡੇ ਉੱਚ ਵਿਦਿਆ ਦੇ ਪਰਦਾਤੇ ਜਾਂ ਯੂਨੀਵਰਿਸਟੀ ਨੂੰ ਵਿਦਿਆਰਥੀ ਕਰਜ਼ਾ ਲੈਣ ਤੱਕ ਪਹੁੰਚ ਕਰਨ ਲਈ ਜਿਵੇਂ ਕਿ ਹਾਇਰ ਐਜੂਕੇਸ਼ਨ ਲੋਨ ਪਰੋਗਰਾਮ (HELP)।

ਆਪਣੇ TFN ਦੇ ਗੁਆਚ ਜਾਣ, ਚੋਰੀ ਹੋਣ ਜਾਂ ਦੁਰਵਰਤੋਂ ਦੀ ਰਿਪੋਰਟ ਸਾਨੂੰ **1800 467 033** ਉੱਤੇ ਫੋਨ ਕਰਕੇ ਤੁਰੰਤ ਕਰੋ।

ਆਪਣੇ TFN ਅਤੇ ਪਛਾਣ ਦੇ ਦੂਸਰੇ ਵੇਰਵਿਆਂ ਨੂੰ ਸੁਰੱਖਿਅਤ ਰੱਖ ਕੇ ਪਛਾਣ ਦੇ ਜ਼ੁਰਮਾਂ ਨੂੰ ਰੋਕਣ ਵਿੱਚ ਮਦਦ ਮਿਲਦੀ ਹੈ। ਪਛਾਣ ਦੇ ਜ਼ੁਰਮ ਵਾਪਰਦੇ ਹਨ ਜਦੋਂ ਲੋਕਾਂ ਦੀ ਪਛਾਣ ਦੇ ਵੇਰਵਿਆਂ ਨੂੰ ਜ਼ੁਰਮ ਕਰਨ ਲਈ ਵਰਤਿਆ ਜਾਂਦਾ ਹੈ।

ਘੋਟਾਲੇ ਵਾਲੀਆਂ ਈਮੇਲਾਂ, ਫੈਕਸਾਂ, SMS ਅਤੇ ਫੋਨ ਕਾਲਾਂ ਵੇਖਣ ਅਤੇ ਸੁਣਨ ਨੂੰ ਬਹੁਤ ਮੰਨਣਯੋਗ ਲਗਦੀਆਂ ਹਨ। ਆਪਣਾ TFN, ਪਾਸਵਰਡ ਜਾਂ ਦੂਸਰੀ ਸੰਵੇਦਨਸ਼ੀਲ ਜਾਣਕਾਰੀ ਨੂੰ ਈਮੇਲ ਜਾਂ SMS ਵਿੱਚ ਸ਼ਾਮਲ ਨਾ ਕਰੋ। ਸਾਵਧਾਨ ਰਹੋ ਅਤੇ ਜੇ ਤੁਹਾਨੂੰ ਯਕੀਨ ਨਹੀਂ ਹੈ ਕਿ ਇਹ ਸੁਨੇਹਾ ਸਾਡੇ ਵੱਲੋਂ ਹੈ, ਸਾਡੀ ਘੋਟਾਲੇ ਵਾਲੀ ਹੌਟਲਾਈਨ ਨੂੰ ਫੋਨ ਕਰੋ **1800 008 540**।



ਆਪਣੇ ਨਿੱਜੀ ਵੇਰਵਿਆਂ ਨੂੰ ਸੁਰੱਖਿਅਤ ਕਿਵੇਂ ਰੱਖਣਾ ਹੈ ਇਸ ਬਾਰੇ ਵਧੇਰੇ ਜਾਣਕਾਰੀ ਵਾਸਤੇ ਇੱਥੇ ਜਾਓ:

- ਆਪ ਜਾਣਕਾਰੀ ਨੂੰ ਸੁਰੱਖਿਅਤ ਰੱਖਣਾ – **ato.gov.au/identitycrime**
- ਟੈਕਸ ਘੋਟਾਲੇ – **ato.gov.au/scams**
- ਪਛਾਣ ਦੇ ਜ਼ੁਰਮ – **ato.gov.au/identitytheft**
- **scamwatch.gov.au**




## ਕਾਰੋਬਾਰਾਂ ਲਈ ਆਸਟਰੇਲੀਆ ਦਾ ਕਾਰੋਬਾਰ ਨੰਬਰ (ABN)

ਆਸਟਰੇਲੀਆ ਵਿੱਚ ਕੰਮ ਕਰਨ ਲਈ ਹਰ ਕਿਸੇ ਨੂੰ ਆਸਟਰੇਲੀਆ ਦੇ ਕਾਰੋਬਾਰ ਨੰਬਰ (ABN) ਦੀ ਲੋੜ ਨਹੀਂ ਹੁੰਦੀ ਹੈ ਅਤੇ ਨਾ ਹੀ ਹਰ ਕੋਈ ਇਸ ਦੇ ਯੋਗ ਹੁੰਦਾ ਹੈ। ਇਕ ABN ਹੋਣ ਦਾ ਮਤਲਬ ਹੁੰਦਾ ਹੈ ਕਿ ਤੁਸੀਂ:

- ਤੁਸੀਂ ਆਪਣਾ ਕਾਰੋਬਾਰ ਚਲਾ ਰਹੇ ਹੋ
- ਤੁਹਾਨੂੰ ਆਪਣੇ ਖੁਦ ਦੇ ਟੈਕਸ ਸਾਨੂੰ ਦੇਣੇ ਪੈਣਗੇ
- ਤੁਹਾਨੂੰ ਆਪਣੀ ਖੁਦ ਦੀ ਸੁਪਰ ਦੇਣ ਦੀ ਵੀ ਲੋੜ ਪਵੇਗੀ
- ਹੋ ਸਕਦਾ ਹੈ ਤੁਸੀਂ ਬੀਮੇ ਦੇ ਅਧੀਨ ਨਾ ਹੋਵੋ ਜੇ ਤੁਸੀਂ ਜ਼ਖਮੀ ਹੋ ਜਾਂਦੇ ਹੋ

ABN ਵਾਸਤੇ ਅਰਜ਼ੀ ਦੇਣ ਬਾਰੇ ਵਧੇਰੇ ਜਾਣਕਾਰੀ ਵਾਸਤੇ, **abr.gov.au** ਉੱਤੇ ਜਾਓ।

# ਜਦੋਂ ਤੁਸੀਂ ਕੰਮ ਸ਼ੁਰੂ ਕਰਦੇ ਹੋ




## ਟੈਕਸ ਫਾਈਲ ਨੰਬਰ ਐਲਾਨ ਨੂੰ ਪੂਰਾ ਕਰੋ

ਜਦੋਂ ਤੁਸੀਂ ਕੰਮ ਸ਼ੁਰੂ ਕਰਦੇ ਹੋ ਤੁਹਾਡਾ ਰੁਜ਼ਗਾਰਦਾਤਾ ਤੁਹਾਨੂੰ *ਟੈਕਸ ਫਾਈਲ ਨੰਬਰ ਐਲਾਨ ਨੂੰ ਪੂਰਾ ਕਰਨ* (NAT 3092) ਅਤੇ ਉਹਨਾਂ ਨੂੰ ਤੁਹਾਡਾ TFN ਅਤੇ ਨਿੱਜੀ ਜਾਣਕਾਰੀ ਦੱਸਣ ਲਈ ਕਹੇਗਾ।

ਉਹ ਇਸ ਐਲਾਨਨਾਮੇ ਨੂੰ ਇਹ ਹਿਸਾਬ ਲਾਉਣ ਲਈ ਵਰਤਦੇ ਹਨ ਕਿ ਤੁਹਾਨੂੰ ਕਿੰਨਾਂ ਟੈਕਸ ਦੇਣ ਦੀ ਲੋੜ ਪਵੇਗੀ।

ਤੁਹਾਡੇ ਕੋਲ ਐਲਾਨਨਾਮੇ ਨੂੰ ਪੂਰਾ ਕਰਨ ਅਤੇ ਆਪਣੇ ਰੁਜ਼ਗਾਰਦਾਤੇ ਨੂੰ ਦੇਣ ਲਈ 28 ਦਿਨ ਹਨ। ਜੇ ਤੁਸੀਂ ਇਸ ਤਰਹ੍ਾਂ ਨਹੀਂ ਕਰਦੇ, ਉਹਨਾਂ ਨੂੰ ਤੁਹਾਡੀ ਤਨਖਾਹ ਵਿੱਚੋਂ ਸਭ ਤੋਂ ਉੱਚੀ ਦਰ ਉੱਤੇ ਟੈਕਸ ਲਾਜ਼ਮੀ ਕੱਟਣਾ ਚਾਹੀਦਾ ਹੈ।

## ਸੁਪਰਐਨੂਏਸ਼ਨ

ਸੁਪਰ ਆਸਟਰੇਲੀਆ ਦੀ ਰਿਟਾਇਰ ਹੋਣ ਵਾਸਤੇ ਬੱਚਤ ਪਰਣਾਲੀ ਹੈ। ਇਹ ਰਕਮ ਤੁਹਾਡੇ ਰਿਟਾਇਰ ਹੋਣ ਵਾਸਤੇ ਤੁਹਾਡੀ ਕੰਮ ਦੀ ਜ਼ਿੰਦਗੀ ਦੇ ਦੌਰਾਨ ਇਕ ਪਾਸੇ ਰੱਖੀ ਜਾਂਦੀ ਹੈ।

ਨਵੀਂ ਨੌਕਰੀ ਸ਼ੁਰੂ ਕਰਨ ਵੇਲੇ, ਤੁਹਾਡੇ ਲਈ ਇਹ ਸਮਝਣਾ ਕਿ ਸੁਪਰ ਕਿਵੇਂ ਕੰਮ ਕਰਦੀ ਹੈ ਅਤੇ ਆਪਣੇ ਹੱਕਾਂ ਅਤੇ ਅਧਿਕਾਰਾਂ ਨੂੰ ਜਾਨਣਾ ਮਹੱਤਵਪੂਰਣ ਹੈ। ਜੋ ਫੈਸਲੇ ਤੁਸੀਂ ਹੁਣ ਜਾਂ ਭਵਿੱਖ ਵਿੱਚ ਲਵੋਗੇ ਉਹ ਰਿਟਾਇਰ ਹੋਣ ਵੇਲੇ ਤੁਹਾਡੀ ਜੀਵਨਸ਼ੈਲੀ ਉੱਤੇ ਅਸਰ ਪਾਉਣਗੇ।

ਲਾਜ਼ਮੀ ਰੁਜ਼ਗਾਰਦਾਤਾ ਸੁਪਰ ਯੋਗਦਾਨ ਦਾ ਭੁਗਤਾਨ ਤੁਹਾਡੀ ਤਨਖਾਹ ਤੋਂ ਇਲਾਵਾ ਕੀਤਾ ਜਾਂਦਾ ਹੈ। ਬਹੁਤੇ ਲੋਕ ਆਸਟਰੇਲੀਅਨ ਸੁਪਰ ਫੰਡ ਨੂੰ ਚੁਣ ਸਕਦੇ ਹਨ ਕਿ ਇਹਨਾਂ ਯੋਗਦਾਨਾਂ ਨੂੰ ਕਿੱਥੇ ਪਾਇਆ ਜਾਵੇ।

ਆਮ ਤੌਰ ਤੇ, ਜੇ ਤੁਹਾਨੂੰ ਇਕ ਕੈਲੰਡਰ ਮਹੀਨੇ ਵਿੱਚ 450 ਡਾਲਰ ਜਾਂ ਜ਼ਿਆਦਾ ਦਾ ਭੁਗਤਾਨ ਕੀਤਾ ਜਾਂਦਾ ਹੈ, ਤੁਹਾਡਾ ਰੁਜ਼ਗਾਰਦਾਤਾ ਤੁਹਾਡੀ ਕਮਾਈ ਦਾ ਪਰਤੀਸ਼ਤ ਤੁਹਾਡੇ ਸੁਪਰ ਖਾਤੇ ਵਿੱਚ ਲਾਜ਼ਮੀ ਪਾਵੇ।

ਸੁਪਰ ਬਾਰੇ ਵਧੇਰੇ ਜਾਣਕਾਰੀ ਲਈ, **ato.gov.au/super** ਉੱਤੇ ਜਾਓ।

ਤੁਸੀਂ **ato.gov.au/trackyoursuper** ਉੱਤੇ ਇਹ ਵੀ ਪਤਾ ਕਰ ਸਕਦੇ ਹੋ ਕਿ ਆਪਣੇ ਸੁਪਰ ਦੀ ਖੋਜ ਕਿਵੇਂ ਕਰਨੀ ਹੈ।




# ਟੈਕਸ ਰਿਟਰਨ ਨੂੰ ਜਮਹ੍ਹਾਂ ਕਰਨਾ

ਇਕ ਵਿਅਕਤੀ ਦੇ ਤੌਰ ਤੇ ਤੁਹਾਨੂੰ ਟੈਕਸ ਰਿਟਰਨ ਜ਼ਰੂਰ ਜਮਹ੍ਹਾਂ ਕਰਵਾਉਣੀ ਚਾਹੀਦੀ ਹੈ ਜੇਕਰ:

- ਟੈਕਸ ਸਾਲ ਦੇ ਦੌਰਾਨ ਤੁਸੀਂ ਟੈਕਸ ਦਿੱਤਾ ਸੀ (1 ਜੁਲਾਈ ਤੋਂ 30 ਜੂਨ)
- ਤੁਹਾਡੀ ਟੈਕਸ ਯੋਗ ਆਮਦਨ (Centrelink ਦੇ ਭੱਤਿਆਂ ਜਾਂ ਭੁਗਤਾਨਾਂ ਸਮੇਤ) ਨਿਵਾਸੀਆਂ ਲਈ ਮਿਥੀ ਸੀਮਾ ਤੋਂ ਵੱਧ ਸੀ – **ato.gov.au/DoINeedToLodge** ਉੱਤੇ ਜਾਓ
- ਤੁਸੀਂ ਵਿਦੇਸ਼ੀ ਨਿਵਾਸੀ ਹੋ ਅਤੇ ਆਸਟਰੇਲੀਆ ਵਿੱਚ ਟੈਕਸ ਸਾਲ ਦੇ ਦੌਰਾਨ 1 ਡਾਲਰ ਜਾਂ ਵੱਧ ਕਮਾਈ ਕੀਤੀ ਹੈ (ਉਸ ਆਮਦਨ ਤੋਂ ਇਲਾਵਾ ਜੋ ਗੈਰ-ਨਿਵਾਸੀ ਰੋਕ ਕੇ ਰੱਖੇ ਗਏ ਟੈਕਸ ਦੇ ਅਧੀਨ ਹੈ)
- ਜੇ ਤੁਸੀਂ ਇਕ ਤੋਂ ਜ਼ਿਆਦਾ ਟੈਕਸ ਸਾਲ ਲਈ ਜਾਂ ਪੱਕੇ ਤੌਰ ਤੇ ਆਸਟਰੇਲੀਆ ਨੂੰ ਛੱਡ ਕੇ ਜਾ ਰਹੇ ਹੋ।

## ਜਾਣਕਾਰੀ ਤੁਹਾਨੂੰ ਜਮਹ੍ਹਾਂ ਕਰਵਾਉਣ ਦੀ ਲੋੜ ਹੈ

ਟੈਕਸ ਰਿਟਰਨ ਜਮਹ੍ਹਾਂ ਕਰਵਾਉਣ ਲਈ, ਤੁਹਾਨੂੰ ਕੀ ਜਾਨਣ ਦੀ ਲੋੜ ਹੈ:

- ਤੁਸੀਂ ਕੰਮ ਕਰਕੇ ਕਿੰਨੀ ਆਮਦਨ ਕਮਾਈ ਹੈ, ਬੈਂਕ ਦੇ ਖਾਤਿਆਂ ਜਾਂ ਨਿਵੇਸ਼ਾਂ ਤੋਂ ਕਿੰਨਾਂ ਵਿਆਜ ਮਿਲਿਆ ਹੈ
- ਤੁਹਾਡੀ ਆਮਦਨ ਵਿੱਚੋਂ ਕਿੰਨਾ ਟੈਕਸ ਰੋਕ ਕੇ ਰੱਖਿਆ ਗਿਆ ਹੈ (ਤੁਹਾਡੀ ਤਨਖਾਹ ਵਿੱਚੋਂ ਕਿੰਨੀ ਰਕਮ ਤੁਹਾਡੇ ਰੁਜ਼ਗਾਰਦਾਤੇ ਦੁਆਰਾ ਕੱਟ ਕੇ ਸਾਨੂੰ ਭੇਜੀ ਗਈ ਸੀ)
- ਕਟੌਤੀਆਂ ਅਤੇ ਟੈਕਸ ਨੂੰ ਘੱਟ ਕਰਨ ਦੀਆਂ ਚੀਜ਼ਾਂ ਦਾ ਤੁਸੀਂ ਦਾਅਵਾ ਕਰ ਰਹੇ ਹੋ ਦੇ ਬਾਰੇ



ਕਟੌਤੀਆਂ ਉਹ ਲਾਗਤਾਂ ਹਨ ਜੋ ਤੁਸੀਂ ਆਪਣੇ ਟੈਕਸ ਨੂੰ ਘੱਟ ਕਰਨ ਲਈ ਦਾਅਵਾ ਕਰ ਸਕਦੇ ਹੋ। ਬਹੁਤੀਆਂ ਕਟੌਤੀਆਂ ਕੰਮ ਨਾਲ ਸਬੰਧਿਤ ਹੁੰਦੀਆਂ ਹਨ। ਇਹ ਉਹ ਰਕਮ ਹੈ ਜੋ ਤੁਸੀਂ ਆਪਣੀ ਕਮਾਈ ਕਰਨ ਲਈ ਕਿਸੇ ਚੀਜ਼ ਉੱਤੇ ਖਰਚ ਕੀਤੀ ਸੀ। ਤੁਹਾਨੂੰ ਇਹ ਵਿਖਾਉਣ ਦੇ ਯੋਗ ਹੋਣਾ ਪਵੇਗਾ ਕਿ:

- ਖਰਚੇ ਕਮਾਈ ਆਮਦਨ ਦੇ ਨਾਲ ਸਿੱਧੇ ਸਬੰਧਿਤ ਸਨ
- ਇਹ ਖਰਚੇ ਨਿੱਜੀ ਕਿਸਮ ਦੇ ਨਹੀਂ ਹਨ
- ਤੁਹਾਡੇ ਕੋਲ ਆਪਣੇ ਖਰਚਿਆਂ ਨੂੰ ਸਾਬਤ ਕਰਨ ਲਈ ਰਿਕਾਰਡ ਹੈ (ਜਿਵੇਂ ਕਿ ਰਸੀਦ)।

ਤੁਹਾਡੇ ਰੁਜ਼ਗਾਰਦਾਤੇ ਨੂੰ ਤੁਹਾਨੂੰ ਆਮਦਨੀ ਦੀ ਸਟੇਟਮੈਂਟ ਜਾਂ ਭੁਗਤਾਨ ਦਾ ਸਾਰ ਦੇਣ ਦੀ ਲੋੜ ਹੋਵੇਗੀ। ਇਹ ਵਿਖਾਉਂਦੀ ਹੈ ਕਿ ਤੁਸੀਂ ਕਿੰਨੀ ਆਮਦਨ ਕਮਾਈ ਹੈ ਅਤੇ ਤੁਸੀਂ ਕਿੰਨਾ ਟੈਕਸ ਦਿੱਤਾ ਹੈ।

## ਟੈਕਸ ਰਿਟਰਨ ਦਾਖਲ ਕਰਨ ਵਿੱਚ ਤੁਹਾਡੀ ਮਦਦ ਕਰਨ ਲਈ ਜਾਣਕਾਰੀ ਵਾਸਤੇ ਇੱਥੇ ਜਾਓ:

- ato.gov.au/whentolodge
- ato.gov.au/incomeyoumustdeclare
- ato.gov.au/deductions
- ato.gov.au/incomestatement




## ਰਿਕਾਰਡ ਰੱਖਣੇ

ਜਦੋਂ ਤੁਸੀਂ ਆਪਣੀ ਟੈਕਸ ਰਿਟਰਨ ਜਮਹ੍ਹਾਂ ਕਰਵਾਉਂਦੇ ਹੋ, ਅਸੀਂ ਇਸ ਉਪਰ ਕਾਰਵਾਈ ਕਰਦੇ ਹਾਂ ਅਤੇ ਹਿਸਾਬ ਲਗਾਉਂਦੇ ਹਾਂ ਕਿ ਕੀ ਤੁਸੀਂ ਸਹੀ ਮਾਤਰਾ ਵਿੱਚ ਟੈਕਸ ਭਰਿਆ ਹੈ। ਅਸੀਂ ਤੁਹਾਨੂੰ ਮੁਲਾਂਕਣ ਦਾ ਨੋਟਿਸ ਭੇਜ ਕੇ ਇਸ ਦਾ ਨਤੀਜਾ ਦੱਸਾਂਗੇ।

ਕਟੌਤੀਆਂ ਦੇ ਕਿਸੇ ਵੀ ਦਾਅਵੇ ਲਈ ਤੁਸੀਂ ਰਿਕਾਰਡ ਜ਼ਰੂਰ ਰੱਖੋ, ਜਿਵੇਂ ਕਿ ਰਸੀਦਾਂ। ਤੁਹਾਨੂੰ ਇਹਨਾਂ ਰਿਕਾਰਡਾਂ ਨੂੰ ਉਸ ਤਰੀਕ ਤੋਂ ਘੱਟੋ ਘੱਟ ਪੰਜ ਸਾਲ ਤੱਕ ਰੱਖਣਾ ਪਵੇਗਾ ਜਦੋਂ ਤੁਸੀਂ ਟੈਕਸ ਰਿਟਰਨ ਭਰਦੇ ਹੋ। ਅਸੀਂ ਤੁਹਾਨੂੰ ਇਹ ਰਿਕਾਰਡ ਵਿਖਾਉਣ ਲਈ ਪੁੱਛ ਸਕਦੇ ਹਾਂ।

ਰਿਕਾਰਡ ਰੱਖਣੇ ਟੂਲ ਬਾਰੇ ਵਧੇਰੇ ਜਾਣਕਾਰੀ ਵਾਸਤੇ **ato.gov.au/taxrecords** ਉੱਤੇ ਜਾਓ

ਆਪਣੇ ਖਰਚਿਆਂ ਅਤੇ ਆਮਦਨ ਦੇ ਰਿਕਾਰਡਾਂ ਨੂੰ ਇਕ ਜਗਹ੍ਹਾ ਰੱਖਣ ਦਾ myDeductions ਇਕ ਸੌਖਾ ਤਰੀਕਾ ਹੈ। ATO app (ਐਪ) ਨੂੰ ਆਪਣੀ ਸਮਾਰਟ ਡਿਵਾਈਸ ਉੱਤੇ ਡਾਊਨਲੋਡ ਕਰੋ ਅਤੇ myDeductions ਆਈਕੋਨ ਨੂੰ ਚੁਣੋ। **ato.gov.au/app** ਉੱਤੇ ਜਾਓ

myDeductions ਟੂਲ ਬਾਰੇ ਵਧੇਰੇ ਜਾਣਕਾਰੀ ਵਾਸਤੇ **ato.gov.au/myDeductionatoapp** ਉੱਤੇ ਜਾਓ

ਅਕਤੂਬਰ
31

# ਆਪਣੀ ਟੈਕਸ ਰਿਟਰਨ ਨੂੰ ਪੂਰਾ ਕਰਨਾ ਅਤੇ ਜਮਹ੍ਹਾਂ ਕਰਵਾਉਣਾ

## ਕਦੋਂ ਜਮਹ੍ਹਾਂ ਕਰਵਾਉਣਾ ਹੈ

ਜੇ ਤੁਸੀਂ ਆਪਣੀ ਟੈਕਸ ਰਿਟਰਨ ਆਪਣੇ ਆਪ ਬਣਾ ਕੇ ਖੁਦ ਜਮਹ੍ਹਾਂ ਕਰਵਾ ਰਹੇ ਹੋ, ਤੁਹਾਨੂੰ ਇਹ 31 ਅਕਤੂਬਰ ਤੱਕ ਜ਼ਰੂਰ ਜਮਹ੍ਹਾਂ ਕਰਵਾ ਦੇਣੀ ਚਾਹੀਦੀ ਹੈ। ਜੇ ਤੁਸੀਂ ਟੈਕਸ ਏਜੰਟ ਨੂੰ ਪਹਿਲੀ ਵਾਰੀ ਵਰਤ ਰਹੇ ਹੋ ਜਾਂ ਪਿਛਲੀ ਵਾਰ ਨਾਲੋਂ ਵੱਖਰਾ ਏਜੰਟ, ਤੁਸੀਂ ਉਹਨਾਂ ਨੂੰ 31 ਅਕਤੂਬਰ ਤੱਕ ਜ਼ਰੂਰ ਸੰਪਰਕ ਕਰੋ।

ਜੇ ਤੁਸੀਂ ਆਪਣੀ ਟੈਕਸ ਰਿਟਰਨ ਨਹੀਂ ਭਰਦੇ ਅਤੇ ਉਸ ਰਕਮ ਦਾ ਭੁਗਤਾਨ ਨਹੀਂ ਕਰਦੇ ਜੋ ਤੁਸੀਂ ਸਾਨੂੰ ਦੇਣੀ ਸੀ, ਤੁਹਾਨੂੰ ਦੰਡ ਦੇਣੇ ਪੈ ਸਕਦੇ ਹਨ।

## myTax ਵਰਤ ਕੇ ਔਨਲਾਈਨ ਜਮਹ੍ਹਾਂ ਕਰਵਾਉਣਾ

ਤੁਸੀਂ ਆਪਣੀ ਟੈਕਸ ਰਿਟਰਨ ਨੂੰ myTax ਵਰਤ ਕੇ ਔਨਲਾਈਨ ਜਮਹ੍ਹਾਂ ਕਰਵਾ ਸਕਦੇ ਹੋ। ਔਨਲਾਈਨ ਜਮਹ੍ਹਾਂ ਕਰਵਾਉਣ ਲਈ ਇਹ ਸਭ ਤੋਂ ਜਲਦੀ, ਸੌਖਾ ਅਤੇ ਸੁਰੱਖਿਅਤ ਤਰੀਕਾ ਹੈ।

myTax ਨੂੰ ਵਰਤਣ ਲਈ, ਤੁਹਾਨੂੰ ਪਹਿਲਾਂ myGov ਖਾਤਾ ਬਨਾਉਣ, ਅਤੇ ਆਪਣੇ ਖਾਤੇ ਨੂੰ ATO ਦੀਆਂ ਔਨਲਾਈਨ ਸੇਵਾਵਾਂ ਨਾਲ ਲਿੰਕ ਕਰਨ ਦੀ ਲੋੜ ਹੈ।

**ato.gov.au/firstreturn** ਉੱਤੇ ਜਾਓ

## ਪੰਜੀਕਰਤ ਟੈਕਸ ਦਲਾਲ ਨੂੰ ਵਰਤ ਕੇ ਜਮਹ੍ਹਾਂ ਕਰਵਾਉਣੀ

ਆਪਣੀ ਟੈਕਸ ਰਿਟਰਨ ਨੂੰ ਪੂਰਾ ਕਰਨਾ ਅਤੇ ਜਮਹ੍ਹਾਂ ਕਰਵਾਉਣ ਲਈ ਤੁਸੀਂ ਪੰਜੀਕਰਤ ਟੈਕਸ ਦਲਾਲ ਨੂੰ ਵਰਤ ਸਕਦੇ ਹੋ। ਤੁਹਾਨੂੰ ਉਹਨਾਂ ਨੂੰ 31 ਅਕਤੂਬਰ ਤੱਕ ਜ਼ਰੂਰ ਸੰਪਰਕ ਕਰਨ ਦੀ ਲੋੜ ਹੈ। ਤੁਸੀਂ ਪੰਜੀਕਰਤ ਟੈਕਸ ਦਲਾਲ ਲੱਭ ਸਕਦੇ ਹੋ, ਜਾਂ ਪਤਾ ਕਰੋ ਕਿ ਉਹ ਪੰਜੀਕਰਤ ਟੈਕਸ ਦਲਾਲ ਹਨ **ato.gov.au/lodgewithanagent** ਉੱਤੇ ਜਾਓ

## ਜਮਹ੍ਹਾਂ ਕਰਵਾਉਣ ਲਈ ਵਾਧੂ ਸਹਾਇਤਾ

ਜੇ ਤੁਹਾਨੂੰ ਆਪਣੀ ਟੈਕਸ ਰਿਟਰਨ ਜਮਹ੍ਹਾਂ ਕਰਵਾਉਣ ਵਿੱਚ ਸਹਾਇਤਾ ਦੀ ਲੋੜ ਹੈ, ਤੁਸੀਂ Tax Help ਪਰੋਗਰਾਮ ਵਰਤਣ ਦੇ ਯੋਗ ਹੋ ਸਕਦੇ ਹੋ।

Tax Help, ATO ਦੁਆਰਾ ਸਿੱਖਿਅਤ ਅਤੇ ਮਾਨਤਾ ਪਰ੍ਹਾਪਤ ਭਾਈਚਾਰੇ ਦੇ ਸਵੈ-ਸੇਵਕਾਂ ਦਾ ਸਮੂਹ ਹੈ। myTax ਵਰਤ ਕੇ ਉਹ ਲੋਕਾਂ ਨੂੰ ਆਪਣੀਆਂ ਟੈਕਸ ਰਿਟਰਨਾਂ ਪੂਰੀਆਂ ਕਰਨ ਵਾਸਤੇ ਮੁਫਤ ਅਤੇ ਗੁਪਤ ਸੇਵਾ ਪਰ੍ਹਦਾਨ ਕਰਦੇ ਹਨ।

ਆਸਟਰ੍ਰੇਲੀਆ ਭਰ ਵਿੱਚ ਸਾਰੇ ਰਾਜਧਾਨੀ ਸ਼ਹਿਰਾਂ ਅਤੇ ਕਈ ਸਾਰੇ ਦਿਹਾਤੀ ਖੇਤਰਾਂ ਵਿੱਚ ਇਹ ਜੁਲਾਈ ਤੋਂ ਅਕਤੂਬਰ ਤੱਕ ਉਪਲਬਧ ਹੈ।

ਟੈਕਸ ਮਦਦ ਬਾਰੇ ਵਧੇਰੇ ਜਾਣਕਾਰੀ ਵਾਸਤੇ **ato.gov.au/taxhelpprogram**

ato.gov.au

NAT 71986PUN-06.2020 DE-20654